ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 cpc)
In the Court of Ms. Etu Sodhi Additional Civil Judge Senior Division-2, Moga
CNR No. PBMO02-000120-2026
Next Date: 13.08.2026
Kamail Singh
Versus
General Public
Notice To: General Public:- Moga
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **13**.08.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 16-05-2026
Sd/- Additional Civil Judge Senior Division-2, Moga

(U/o 5 Rule 20 cpc)
In the Court of Ms. Harpreet Kaur Nafra Additional Civil Judge (Sr. Divn), Amloh (P)
CNR No. PBFGA0-000222-2022
Next Date: 13.08.2026
Canara Bank Having Its Head Office At Bangalore And Amongst Others A Branch Office Amongst Other Places At Village Salana, Tehsil Amloh, Distt. Fatehgarh Sahib Through Its Branch Manager Pankaj Banskar
Versus
Jaswinder Kaur W/O Jora Singh Resident Of H.No. 98, Malerkotla Road Village Khatra, Tehsil Khanna, District Ludhiana.
Suit For Recovery Of Rs. 1,19,487/-
Notice To: Jaswinder Kaur W/O Jora Singh H.No.98 Malerkotla Road Village Khatra Tehsil Khanna Distt.Ldh.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **13**.08.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 18-05-2026
Sd/- Additional Civil Judge (Sr. Divn), Amloh (P)

(U/o 5 Rule 20 cpc)
In the Court of Ms. Aradhika Civil Judge (Junior Division), Ludhiana
CNR No. PBLD02-006927-2024
: 13.08.2026
gh
Versus
unjab
1. State Of Punjab 2. Asi ingh, Police Station Salem ana
In above titled case the s)/respondent(s) could not d. It is ordered that (s)/respondent(s) should person or through counsel 026 at 10:00 A.M.
ils logon to https://hd.gov.in/?mod=district_trict=mogacourt
day of 06-06-2026
d/- Civil Judge (Junior Division), Ludhiana

---

o 5 Rule 20 cpc)
uardian and Ward Act)
urt of Ms. Sumukhi
Additional Civil Judge (Senior Division), Jagraon
CNR No. PBLDB0-000617-2026
Next Date: 12.08.2026
Bandana Kumari
Versus
General Public
Notice To: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **12**.08.2026 at 10:00 A.M.
For details logon to https://highcourtchd.gov.in/?mod=district_notice&district=ludhianacourt
Dated, this day of 25-05-2026
Sd/- Additional Civil Judge (Senior Division), Jagraon

(U/o 5 Rule 20 cpc)
In the Court of Hon'ble Aman Sharma Additional Principal Judge Family Court, Amritsar
CNR No. PBAS01-024142-2025
Next Date:12.08.2026
Ranjit Kaur
Versus
Parminder Singh Sandhu
Notice To: Parminder Singh Sandhu Father: Gurdev Singh R/O. H.No.L2/188, Gali No.4, Gurnam Nagar, Sultanwind Road, Amritsar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **12**.08.2026 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 04-06-2026
Sd/- Additional Principal Judge Family Court, Amritsar

(U/o 5 Rule 20 cpc)
In the Court of Hon'ble Aman Sharma Additional Principal Judge Family Court, Amritsar
CNR No. PBAS01-026342-2025
Next Date:12.08.2026
Rani
Versus
General Public
Notice To: General Public:- General Public Amritsar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **12**.08.2026 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 04-06-2026
Sd/- Additional Principal Judge Family Court, Amritsar

(U/o 5 Rule 20 cpc)
In the Court of Sh. Chetan Sharma Civil Judge Junior Division-2, Abohar
CNR No. PBFZE0-000783-2025
Next Date:11.08.2026
Sukhwinder Kaur
Versus
General Public
Notice To: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **11**.08.2026 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 21-04-2026
Sd/- Civil Judge Junior Division-2, Abohar

(U/o 5 Rule 20 CPC)
In The Court of Ms. Lovejinder Kaur Additional Civil Judge (Senior Division), Balachaur
CNR No.PBSBA0-000285-2025
Next Date: 11.08.2026
CS/176/2025
Manjinder Singh
Versus
General Public
Notice to: General Public:- SBS Nagar
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 11.08.2026 at 10:00 am.
For details logon to https://highcourtchd.gov.in/?mod=district_notice&district=mogacourt
Dated this day of 11-06-2026
Sd/- Additional Civil Judge (Senior Division), Balachaur

Change of Name

I, Netu Rani W/o Deepak Kumar, R/o House No. 810/28, Manvata Nagar, Ward No. 17, Hoshiarpur, Punjab have changed my name from Netu Rani to Neetu.

ਫ਼ਿਰੋਜ਼ਪੁਰ ਸੀਨੀਅਰ ਸਿਟੀਜਨ ਫੋਰਮ ਦੀ ਮਹੀਨਾਵਾਰ ਮੀਟਿੰਗ ਸੰਪੰਨ; ਅੰਗਦਾਨ ਕਰਨ ਅਤੇ ਵਾਤਾਵਰਨ ਬਚਾਉਣ ਦੀ ਲਈ ਸਹੁੰ

ਫਿਰੋਜ਼ਪੁਰ, 29 ਜੂਨ (ਤਿਵਾੜੀ): ਸੀਨੀਅਰ ਸਿਟੀਜਨ ਫੋਰਮ ਫਿਰੋਜ਼ਪੁਰ ਦੀ ਮਹੀਨਾਵਾਰ ਮੀਟਿੰਗ ਸ਼੍ਰੀ ਪਰਦੀਪ ਧਵਨ ਪ੍ਰਧਾਨ ਦੀ ਅਗਵਾਈ ਹੇਠ ਬਾਗਬਾਨ ਕੰਪਲੈਕਸ ਮੁੱਖ ਗੇਟ ਫਿਰੋਜ਼ਪੁਰ ਸ਼ਹਿਰ ਵਿਖੇ ਹੋਈ। ਇਸ ਮੀਟਿੰਗ ਵਿੱਚ ਸੱਭ ਤੋਂ ਸੀਨੀਅਰ ਮੈਂਬਰ ਕਿਸ਼ਨ ਕੁਮਾਰ ਜੇਦਿਕਾ ਅਤੇ ਉਹਨਾਂ ਦੀ ਧਰਮਪਤਨੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਜਿਨ੍ਹਾਂ ਦਾ ਸਮੂਹ ਹਾਜਰ ਮੈਂਬਰ ਸਾਹਿਬਾਨ ਨੇ ਤਾੜੀਆਂ ਨਾਲ ਸੁਆਗਤ ਕੀਤਾ। ਮੀਟਿੰਗ ਦੇ ਆਰੰਭ ਵਿਚ ਫ਼ੋਰਮ ਦੇ ਮੈਂਬਰ ਸ਼੍ਰੀ ਪਰਦੀਪ ਬਿੰਦਰਾ ਦੀ ਮਾਤਾ ਦੀ ਮੌਤ 'ਤੇ ਅਫ਼ਸੋਸ ਜ਼ਾਹਰ ਕੀਤਾ ਗਿਆ ਅਤੇ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਸਮੇਂ ਸਟੇਜ ਸੈਕਟਰੀ ਸ਼੍ਰੀ ਮੋਹਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਨੇ ਦਸਿਆ ਕਿ ਭੁਪਿੰਦਰ ਸਿੰਘ ਆਈ ਪੀ ਐਸ ਜ਼ਿਲ੍ਹਾ ਪੁਲਿਸ ਮੁਖੀ ਫ਼ਿਰੋਜ਼ਪੁਰ ਦੀ ਅਗਵਾਈ ਵਿੱਚ ਗੁਰੁਦਵਾਰਾ ਸਾਹਿਬ ਸਾਰਾਗੜ੍ਹੀ ਤੋਂ ਅੰਗਦਾਨ ਅਤੇ ਕੈਂਸਰ ਬਾਰੇ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ। ਜਿੱਸ ਵਿੱਚ ਡਾਕਟਰ ਬਲਦੇਵ ਸਿੰਘ ਔਲਖ ਵੱਲੋਂ ਅੰਗਦਾਨ ਦੀ ਮਹੱਤਤਾ ਅਤੇ ਕੈਂਸਰ ਤੋਂ ਬਚਾਅ ਲਈ ਸਮੇਂ ਸਿਰ ਇਲਾਜ 'ਤੇ ਜ਼ੋਰ ਦਿੱਤਾ ਗਿਆ। ਸੀਨੀਅਰ ਸਿਟੀਜਨ ਫੋਰਮ ਫ਼ਿਰੋਜ਼ਪੁਰ ਦੇ ਮੈਂਬਰਾਂ ਨੇ ਅੰਗਦਾਨ ਕਰਨ ਅਤੇ ਅਪਣੇ ਪਰਿਵਾਰ ਵਾਲਿਆਂ ਅਤੇ ਦੋਸਤਾਂ ਨੂੰ ਅੰਗਦਾਨ ਕਰਨ ਲਈ ਪ੍ਰੇਰਨ ਦੀ ਸਹੁੰ ਖਾਧੀ। ਮੀਟਿੰਗ ਵਿੱਚ ਫ਼ਿਰੋਜ਼ਪੁਰ ਸ਼ਹਿਰ ਛਾਉਣੀ ਵਿਖੇ ਸੀਨੀਅਰ ਸਿਟੀਜਨ ਨੂੰ ਆਉਂਦੀਆਂ ਸਮੱਸਿਆਵਾਂ ਦੇ ਸਮਾਧਾਨ ਲਈ , ਰੇਲਵੇ ਸਟੇਸ਼ਨ ਫ਼ਿਰੋਜ਼ਪੁਰ ਛਾਉਣੀ ਵਿਖੇ ਬਜ਼ੁਰਗ ਅਤੇ ਅਪਾਹਜ ਯਾਤਰੀਆਂ ਦੀ ਸਹੂਲਤ ਲਈ ਲਿਫਟ, ਰੈਂਪ ਅਤੇ ਸਵੈ ਚਾਲਕ ਪੌੜੀਆਂ ਲਾਉਣ ਲਈ ਰੇਲਵੇ ਵਿਭਾਗ ਦੇ ਅਧਿਕਾਰੀਆਂ ਅਤੇ ਸਿਵਲ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਮਿਲ਼ ਕੇ ਮੰਗ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ। ਉਹਨਾਂ ਇਹ ਵੀ ਦਸਿਆ ਕਿ ਵਾਤਾਵਰਨ ਬਚਾਉਣ ਲਈ ਸੀਨੀਅਰ ਸਿਟੀਜਨ ਫੋਰਮ ਫ਼ਿਰੋਜ਼ਪੁਰ ਵੱਲੋਂ ਇਸ ਸਾਲ ਘੱਟ ਘੱਟ ਦੋ ਸੌ ਪੌਦੇ ਲਗਾਏ ਜਾਣਗੇ। ਇਸ ਦੇ ਇਲਾਵਾ ਫੋਰਮ ਦੇ ਸੀਨੀਅਰ ਆਗੂ ਸ਼੍ਰੀ ਪਰਵੀਨ ਵੱਲੋਂ ਵੀ ਦੋ ਸੌ ਪੌਦੇ ਲਗਾਏ ਜਾਣ ਦਾ ਭਰੋਸਾ ਦਿੱਤਾ।ਉਹਨਾਂ ਅੱਗੇ ਕਿਹਾ ਕਿ ਦੇਸ਼ ਦੀ ਰੱਖਿਆ ਕਰਨ ਵਾਲੇ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਦਾ ਮਨੋਬਲ ਵਧਾਉਣ ਲਈ ਫੋਰਮ ਵੱਲੋਂ ਉਹਨਾਂ ਦਾ ਸਨਮਾਨ ਕੀਤਾ ਜਾਏਗਾ।

ਖੋਜ, ਨਵੀਨਤਾ ਅਤੇ ਟਿਕਾਊ ਵਿਕਾਸ ਨੂੰ ਨਵੀਂ ਦਿਸ਼ਾ ਦੇਵੇਗੀ 'ਰਾਈਜ਼' ਸਲਾਹਕਾਰ ਸੇਵਾ: ਬਲਜੀਤ ਸਿੰਘ

ਮੋਹਾਲੀ, 29 ਜੂਨ (ਹਰਦੀਪ ਕੌਰ): ਖੋਜ, ਨਵੀਨਤਾ, ਟਿਕਾਊ ਵਿਕਾਸ ਅਤੇ ਉਦਯੋਗਿਕਤਾ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਪਿਓਰਪਲੈਨੇਟ ਗਲੋਬਲ ਵੈਂਚਰਜ਼ ਐਲਐਲਸੀ ਵੱਲੋਂ ਆਪਣੀ ਨਵੀਂ ਸਲਾਹਕਾਰ ਇਕਾਈ @ਰਾਈਜ਼@ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿਓਰਪਲੈਨੇਟ ਗਲੋਬਲ ਵੈਂਚਰਜ਼ ਐਲਐਲਸੀ ਦੇ ਚੇਅਰਮੈਨ ਅਤੇ ਗੁਰੂ ਨਾਨਕ ਗਲੋਬਲ ਫਾਊਂਡੇਸ਼ਨ (ਭਾਰਤ) ਦੇ ਚਾਂਸਲਰ ਬਲਜੀਤ ਸਿੰਘ ਨੇ ਦੱਸਿਆ ਕਿ ਇਸ ਪਹਿਲ ਦਾ ਮੰਤਵ ਖੋਜ ਸੰਸਥਾਵਾਂ, ਉਦਯੋਗ ਜਗਤ ਅਤੇ ਨਿਵੇਸ਼ਕਾਂ ਵਿਚਕਾਰ ਮਜ਼ਬੂਤ ਤਾਲਮੇਲ ਸਥਾਪਤ ਕਰਕੇ ਨਵੇਂ ਵਿਚਾਰਾਂ ਨੂੰ ਅਮਲੀ ਰੂਪ ਦੇਣਾ ਹੈ। ਉਨ੍ਹਾਂ ਦੱਸਿਆ ਕਿ ਇਸ ਸਲਾਹਕਾਰ ਮੰਚ ਨਾਲ ਦੁਨੀਆ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਤ ਵੀਹ ਤੋਂ ਵੱਧ ਮਾਹਿਰ ਜੁੜੇ ਹੋਏ ਹਨ, ਜੋ ਖੇਤੀਬਾੜੀ, ਇਲੈਕਟ੍ਰਾਨਿਕਸ, ਅਰਧਚਾਲਕ ਤਕਨਾਲੋਜੀ, ਉੱਚ ਪੱਧਰੀ ਖੋਜ, ਨਵਿਆਉਣਯੋਗ ਊਰਜਾ, ਟਿਕਾਊ ਵਿਕਾਸ ਅਤੇ ਉਦਯੋਗਿਕਤਾ ਦੇ ਖੇਤਰਾਂ ਵਿੱਚ ਵਿਸ਼ੇਸ਼ ਤਜਰਬਾ ਰੱਖਦੇ ਹਨ। ਬਲਜੀਤ ਸਿੰਘ ਨੇ ਕਿਹਾ ਕਿ ਸੰਸਥਾ ਦਾ ਮੁੱਖ ਧਿਆਨ ਅਰਧਚਾਲਕ ਉਦਯੋਗ, ਖਾਸ ਕਰਕੇ ਸਿਲੀਕਾਨ ਕਾਰਬਾਈਡ ਆਧਾਰਿਤ ਤਕਨਾਲੋਜੀ, ਉੱਚ ਪੱਧਰੀ ਇਲੈਕਟ੍ਰਾਨਿਕਸ ਤੇ ਭਵਿੱਖ ਦੀਆਂ ਨਿਰਮਾਣ ਪ੍ਰਣਾਲੀਆਂ ਦੇ ਵਿਕਾਸ ਉੱਤੇ ਕੇਂਦਰਿਤ ਰਹੇਗਾ। ਇਸ ਦੇ ਨਾਲ-ਨਾਲ ਨਵੇਂ ਵਿਚਾਰਾਂ ਨੂੰ ਪ੍ਰਯੋਗਸ਼ਾਲਾ ਤੋਂ ਉਦਯੋਗ ਤੱਕ ਪਹੁੰਚਾਉਣ ਅਤੇ ਨੌਜਵਾਨਾਂ ਨੂੰ ਹੁਨਰਮੰਦ ਬਣਾਉਣ ਲਈ ਵਿਸ਼ੇਸ਼ ਯੋਜਨਾਵਾਂ ਵੀ ਚਲਾਈਆਂ ਜਾਣਗੀਆਂ, ਜਿਨ੍ਹਾਂ ਵਿੱਚ ਭਾਰਤ ਨੂੰ ਇੱਕ ਪ੍ਰਮੁੱਖ ਨਵੀਨਤਾ ਅਤੇ ਨਿਰਮਾਣ ਕੇਂਦਰ ਵਜੋਂ ਵਿਕਸਤ ਕਰਨ @ਤੇ ਜ਼ੋਰ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਪਹਿਲ ਤਹਿਤ ਵਿਦਿਆਰਥੀਆਂ, ਖੋਜਕਰਤਾਵਾਂ ਅਤੇ ਅਧਿਆਪਕਾਂ ਨੂੰ ਆਪਣੇ ਨਵੇਂ ਵਿਚਾਰਾਂ ਨੂੰ ਕਾਰਗਰ ਤਕਨਾਲੋਜੀ ਅਤੇ ਉਦਯੋਗਿਕ ਉਤਪਾਦਾਂ ਵਿੱਚ ਬਦਲਣ ਲਈ ਲੋੜੀਂਦੀਆਂ ਸਹੂਲਤਾਂ ਅਤੇ ਮਾਹਿਰਾਂ ਦਾ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਵੇਗਾ। ਇਸ ਨਾਲ ਵਿਦਿਅਕ ਸੰਸਥਾਵਾਂ ਅਤੇ ਉਦਯੋਗ ਵਿਚਕਾਰ ਦੂਰੀ ਘਟੇਗੀ ਅਤੇ ਖੋਜ ਦੇ ਨਤੀਜੇ ਸਮਾਜ ਅਤੇ ਅਰਥਚਾਰੇ ਲਈ ਲਾਹੇਵੰਦ ਸਾਬਤ ਹੋਣਗੇ। ਬਲਜੀਤ ਸਿੰਘ ਨੇ ਕਿਹਾ ਕਿ ਇਹ ਸਲਾਹਕਾਰ ਇਕਾਈ ਰਵਾਇਤੀ ਸਲਾਹ ਦੇਣ ਤੱਕ ਸੀਮਤ ਨਹੀਂ ਰਹੇਗੀ, ਸਗੋਂ ਨਵੇਂ ਉਦਯੋਗਾਂ ਦੀ ਸਥਾਪਨਾ, ਖੋਜ ਨੂੰ ਵਪਾਰਕ ਰੂਪ ਦੇਣ, ਟਿਕਾਊ ਵਿਕਾਸ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਵਿੱਚ ਵੀ ਸਰਗਰਮ ਭੂਮਿਕਾ ਨਿਭਾਏਗੀ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਹ ਉਪਰਾਲਾ ਭਾਰਤ ਨੂੰ ਤਕਨਾਲੋਜੀ ਅਤੇ ਨਵੀਨਤਾ ਦੇ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਹੋਰ ਮਜ਼ਬੂਤ ਬਣਾਉਣ ਵਿੱਚ ਅਹਿਮ ਯੋਗਦਾਨ ਪਾਵੇਗਾ।

ਟਿੱਲੂਵਾਲ ਖੁਣ ਖੁਣ ਕਲਾਂ ਦਾ 3 ਰੋਜ਼ਾ ਕ੍ਰਿਕਟ ਟੂਰਨਾਮੈਂਟ ਹੁਸ਼ਿਆਰਪੁਰ ਦੀ ਟੀਮ ਦੇ ਨਾਮ ਰਿਹਾ

ਟਾਂਡਾ ਉੜਮੁੜ, 29 ਜੂਨ (ਅਰਜੁਨ ਜੈਨ): ਫਰੈਂਡਜ਼ ਕਲੱਬ ਟਿੱਲੂਵਾਲ ਖੁਣ ਖੁਣ ਕਲਾਂ ਵੱਲੋਂ ਕਰਵਾਇਆ ਗਿਆ 3 ਰੋਜ਼ਾ ਕ੍ਰਿਕਟ ਟੂਰਨਾਮੈਂਟ ਹੁਸ਼ਿਆਰਪੁਰ ਦੀ ਟੀਮ ਦੇ ਨਾਮ ਰਿਹਾ।

ਕਲੱਬ ਦੇ ਪ੍ਰਧਾਨ ਲਵਕੇਸ਼ ਸ਼ਰਮਾ ਦੀ ਅਗਵਾਈ ਵਿੱਚ ਕਰਵਾਏ ਗਏ ਇਸ ਟੂਰਨਾਮੈਂਟ ਦੌਰਾਨ ਇਲਾਕੇ ਭਰ ਚੋਂ 32 ਟੀਮਾਂ ਨੇ ਭਾਗ ਲੈਂਦੇ ਹੋਏ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ।

ਫਾਈਨਲ ਮੈਚ ਦੌਰਾਨ ਵਾਰਡ ਨੰਬਰ 3 ਹੁਸ਼ਿਆਰਪੁਰ ਦੀ ਟੀਮ ਨੇ ਪਹਿਲਾਂ ਖੇਡਦੇ ਹੋਏ 6 ਓਵਰਾਂ ਵਿੱਚ 1 ਵਿਕਟ ਦੇ ਨੁਕਸਾਨ 'ਤੇ 113 ਰਨ ਬਣਾਏ, ਜਿਸ ਦੇ ਜਵਾਬ ਵਿੱਚ ਬੋਦਲਾਂ ਦੀ ਟੀਮ 6 ਓਵਰਾਂ ਵਿੱਚ 6 ਵਿਕਟਾਂ ਦੇ ਨੁਕਸਾਨ 'ਤੇ ਸਿਰਫ 56 ਰਨ ਹੀ ਬਣਾ ਸਕੀ, ਜਿਸ ਕਾਰਨ ਹੁਸ਼ਿਆਰਪੁਰ ਦੀ ਟੀਮ ਨੇ ਫਾਈਨਲ ਮੈਚ 57 ਦੌੜਾਂ ਨਾਲ ਮੈਚ ਜਿੱਤ ਕੇ 31 ਹਜ਼ਾਰ ਰੁਪਏ ਦੇ ਪਹਿਲੇ ਨਗਦ ਇਨਾਮ ਅਤੇ ਜੇਤੂ ਟਰਾਫੀ 'ਤੇ ਕਬਜ਼ਾ ਕੀਤਾ, ਜਦਕਿ ਦੂਸਰੇ ਸਥਾਨ 'ਤੇ ਰਹੀ ਟੀਮ ਨੂੰ ਪ੍ਰਬੰਧਕਾਂ ਵੱਲੋਂ 15 ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ। ਟੂਰਨਾਮੈਂਟ ਸਮਾਪਤੀ 'ਤੇ ਇਨਾਮਾਂ ਦੀ ਵੰਡ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸਾਬਕਾ ਸੰਮਤੀ ਮੈਂਬਰ ਅਸ਼ੋਕ ਕੁਮਾਰ ਸੈਣੀ, ਐਡਵੋਕੇਟ ਗੁਰਪ੍ਰੀਤ ਸਿੰਘ ਝਿੰਗੜਾਂ ਤੇ ਸਰਪੰਚ ਵਿਜੇ ਕੁਮਾਰ ਨੇ ਜੇਤੂ ਰਹੀ ਟੀਮ ਨੂੰ ਮੁਬਾਰਕਬਾਦ ਦਿੱਤੀ, ਤੇ ਭਾਗ ਲੈਣ ਵਾਲੀਆਂ ਹੋਰਨਾਂ ਟੀਮਾਂ ਦੀ ਸ਼ਲਾਘਾ ਕੀਤੀ। ਨੌਜਵਾਨਾਂ ਨੂੰ ਨਸ਼ਿਆਂ ਤੇ ਹੋਰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ।

ਟੂਰਨਾਮੈਂਟ ਦੌਰਾਨ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਨ 'ਤੇ ਮਿਰਜਾ ਹੁਸ਼ਿਆਰਪੁਰ ਨੂੰ ਮੈਨ ਆਫ ਦਾ ਸੀਰੀਜ਼ ਅਤੇ ਸ਼ੇਰੂ ਢਾਹਾਂ ਹੁਸ਼ਿਆਰਪੁਰ ਨੂੰ ਮੈਨ ਆਫ ਦਾ ਮੈਚ ਐਲਾਨਿਆ ਗਿਆ।

ਇਸ ਮੌਕੇ ਪੰਚ ਸੁਖਵਿੰਦਰ ਸਿੰਘ, ਪੰਚ .ਦਲਜੀਤ ਸਿੰਘ, ਸੁਖਵਿੰਦਰ ਸਿੰਘ ਬੰਟੀ ਮਨਜੀਤ ਸਿੰਘ ਪਟਵਾਰੀ, ਰਾਜ ਕੁਮਾਰ ਬੀਰਬਲ ਸਿੰਘ, ਸਰਪੰਚ ਬਲਕਾਰ ਸਿੰਘ, ਸੁਖਵਿੰਦਰ ਸਿੰਘ ਬਾਬਾ, ਪੰਚ ਦਲਜੀਤ ਸਿੰਘ, ਪੰਚ ਪਰਮਜੀਤ ਸਿੰਘ, ਪੰਚ ਸੁਖਵਿੰਦਰ ਸਿੰਘ ਗਿਰਦਾਵਰ ਮਨਜੀਤ ਸਿੰਘ, ਰਾਜ ਕੁਮਾਰ ਚਾਚਾ ਹਰਦੀਪ ਸਿੰਘ, ਲਵਕੇਸ਼ ਸ਼ਰਮਾ, ਵਾਈਸ ਪ੍ਰਧਾਨ ਲਖਬੀਰ ਸਿੰਘ, ਸਕੱਤਰ ਦੀਪਕ ਕੁਮਾਰ, ਖਜਾਨਚੀ ਨਵਦੀਪ ਸ਼ਰਮਾ, ਦੀਪਕ ਬੁਨਿਆਲ, ਰਿਕੀ ਸੈਣੀ ਵੀ ਹਾਜ਼ਰ ਸਨ।

ਪਲਸ ਪੋਲੀਓ ਮੁਹਿੰਮ ਦੇ ਦੂਸਰੇ ਦਿਨ 16518 ਬੱਚਿਆਂ ਨੂੰ ਪਿਲਾਈਆਂ ਪੋਲੀਓ ਰੋਕੂ ਬੂੰਦਾਂ :- ਡਾ ਅਰਵਿੰਦ ਪਾਲ ਸਿੰਘ

ਫਤਿਹਗੜ੍ਹ ਸਾਹਿਬ, 29 ਜੂਨ (ਹਰਪ੍ਰੀਤ ਕੌਰ ਟਿਵਾਣਾ): ਸਿਵਲ ਸਰਜਨ ਫਤਿਹਗੜ੍ਹ ਸਾਹਿਬ, ਡਾ ਅਰਵਿੰਦ ਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਜ਼ਿਲਾ ਟੀਕਾਕਰਨ ਅਫਸਰ ਡਾ ਰਾਜੇਸ਼ ਕੁਮਾਰ ਦੀ ਅਗਵਾਈ ਹੇਠ ਸਿਹਤ ਵਿਭਾਗ ਵੱਲੋਂ ਜ਼ਿਲ੍ਹੇ ਅੰਦਰ ਤਿੰਨ ਦਿਨਾ ਪਲਸ ਪੋਲੀਓ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦੇ ਦੂਸਰੇ ਦਿਨ ਅੱਜ 0-5 ਸਾਲ ਦੇ 16518 ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਕੁੱਲ 51374 ਬੱਚਿਆਂ ਵਿੱਚੋਂ ਦੋ ਦਿਨਾਂ ਵਿਚ 41387 ਬੱਚੇ ਕਵਰ ਕਰਕੇ 80 ਪ੍ਰਤੀਸ਼ਤ ਦਾ ਟੀਚਾ ਹਾਸਲ ਕਰ

ਲਿਆ ਹੈ। ਪੋਲੀਓ ਟੀਮਾਂ ਦੀ ਚੈਕਿੰਗ ਕਰਨ ਮੌਕੇ ਜਾਣਕਾਰੀ ਦਿੰਦਿਆਂ ਸਹਾਇਕ ਸਿਵਲ ਸਰਜਨ ਡਾ ਕੰਵਲਦੀਪ ਸਿੰਘ ਨੇ ਕਿਹਾ ਕਿ ਮਿੱਥੇ ਟੀਚੇ ਨੂੰ ਹਾਸਲ ਕਰਨ ਲਈ ਸਿਹਤ ਵਿਭਾਗ ਦੀਆਂ ਘਰ ਫੇਰੀ ਟੀਮਾਂ ਮੁਹਿੰਮ ਦੇ ਤੀਸਰੇ ਦਿਨ 30 ਜੂਨ ਨੂੰ ਵੀ ਘਰ-ਘਰ ਜਾ ਕੇ ਕਿਸੇ ਕਾਰਨ ਬੂਥਾਂ 'ਤੇ ਨਾ ਜਾ ਸਕਣ ਵਾਲੇ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਉਣਗੀਆਂ। ਉਹਨਾਂ ਦੱਸਿਆ ਕਿ ਸੂਬਾ ਪੱਧਰ ਦੇ ਉੱਚ ਅਧਿਕਾਰੀਆਂ, ਜ਼ਿਲ੍ਹਾ ਪੱਧਰ ਦੇ ਪ੍ਰੋਗਰਾਮ ਅਫਸਰਾਂ, ਸੀਨੀਅਰ ਮੈਡੀਕਲ ਅਫਸਰਾਂ ਅਤੇ ਸੁਪਰਵਾਈਜ਼ਰਾਂ ਵੱਲੋਂ ਮੁਹਿੰਮ ਦੀ ਲਗਾਤਾਰ ਚੈਕਿੰਗ ਵੀ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਇਹਨਾਂ ਟੀਮਾਂ ਵੱਲੋਂ ਭੱਠਿਆਂ, ਪਥੇਰਾ, ਝੁੱਗੀਆਂ, ਝੌਂਪੜੀਆਂ, ਸਲੱਮ ਏਰੀਆ, ਉਸਾਰੀ ਅਧੀਨ ਬਿਲਡਿੰਗਾਂ ਦਾ ਏਰੀਆ ਆਦਿ ਤੋਂ ਇਲਾਵਾ ਹੋਰ ਅਪਾਹੁੰਚ ਏਰੀਏ ਵੱਲ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ ਅਤੇ ਇਹ ਸੁਨਿਸ਼ਚਿਤ ਕੀਤਾ ਕੋਈ ਵੀ 0-5 ਸਾਲ ਦਾ ਬੂੰਦਾਂ ਤੋਂ ਵਾਂਝਾ ਨਾ ਰਹੇ

ਜ਼ਿਲਾ ਟੀਕਾਕਰਣ ਅਫਸਰ ਡਾ. ਰਾਜੇਸ਼ ਕੁਮਾਰ ਨੇ ਦੱਸਿਆ ਸਿਹਤ ਟੀਮਾਂ ਵੱਲੋਂ ਜਿਸ ਘਰ ਵਿੱਚ ਬੱਚਾ ਹੈ, ਪਰ ਉਸਨੂੰ ਤਾਲਾ ਲੱਗਿਆ ਹੋਇਆ ਹੈ ਜਾਂ ਬੱਚਾ ਕਿਸੇ ਰਿਸ਼ਤੇਦਾਰੀ ਵਿੱਚ ਗਿਆ ਹੋਇਆ ਹੈ ਤਾਂ ਉਸ ਘਰ ਨੂੰ ਕਰਾਸ ਕੀਤਾ ਜਾਂਦਾ ਹੈ ਅਤੇ ਅਗਲੇ ਦਿਨਾਂ ਵਿੱਚ ਘਰ ਫੇਰੀ ਟੀਮਾਂ ਦੁਆਰਾ ਕਰਾਸ ਕੀਤੇ ਗਏ ਘਰਾਂ ਅੰਦਰ ਦੁਬਾਰਾ ਵਿਜ਼ਿਟ ਕੀਤਾ ਜਾਂਦਾ ਹੈ ਅਤੇ ਬੱਚੇ ਨੂੰ ਪੋਲੀਓ ਬੂੰਦਾਂ ਪਲਾਈਆਂ ਜਾਂਦੀਆਂ ਹਨ। ਉਹਨਾਂ ਕਿਹਾ ਕਿ ਭਾਵੇਂ ਬੱਚਾ ਬਿਮਾਰ ਹੈ, ਘਰ ਤੋਂ ਬਾਹਰ ਹੈ, ਪਹਿਲਾਂ ਰੁਟੀਨ ਟੀਕਾਕਰਨ ਵਿੱਚ ਪੋਲੀਓ ਬੂੰਦਾਂ ਪੀ ਚੁੱਕਾ ਹੈ ਤਾਂ ਵੀ 0-5 ਸਾਲ ਦੇ ਸਾਰੇ ਬੱਚਿਆਂ ਨੂੰ ਸਿਹਤ ਵਿਭਾਗ ਦੁਆਰਾ ਇਸ ਵਿਸ਼ੇਸ਼ ਪੋਲੀਓ ਮੁਹਿੰਮ ਤਹਿਤ ਕਵਰ ਕਰਨਾ ਯਕੀਨੀ ਬਣਾਇਆ ਜਾਵੇਗਾ।

ਗੰਨੇ ਦੀ ਬਕਾਇਆ ਰਾਸ਼ੀ ਲੈਣ ਲਈ ਅਤੇ ਬਿਜਲੀ ਦੇ ਕੱਟਾਂ ਨੂੰ ਲੈ ਕੇ ਦੁਆਬਾ ਕਿਸਾਨ ਕਮੇਟੀ ਪੰਜਾਬ ਦੀ ਮੀਟਿੰਗ

ਟਾਂਡਾ ਉੜਮੁੜ, 29 ਜੂਨ (ਅਰਜੁਨ ਜੈਨ): ਦੁਆਬਾ ਕਿਸਾਨ ਕਮੇਟੀ ਪੰਜਾਬ ਦੀ ਮੀਟਿੰਗ ਪ੍ਰਧਾਨ ਜੰਗਵੀਰ ਸਿੰਘ ਚੌਹਾਨ ਅਤੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਗੁਰਾਇਆ ਦੀ ਅਗਵਾਈ ਵਿੱਚ ਬਾਬਾ ਬੂਟਾ ਭਗਤ ਹਾਲ ਟਾਂਡਾ ਵਿਖੇ ਹੋਈ, ਜਿਸ ਵਿੱਚ ਉਨਾਂ ਨੇ ਦੱਸਿਆ ਕਿ ਗੰਨੇ ਦੀ ਬਕਾਇਆ ਰਾਸ਼ੀ 68 ਰੁਪਏ 50 ਪੈਸੇ ਜੋ ਸਰਕਾਰ ਨੇ ਦੇਣੇ ਹਨ ਨਹੀਂ ਦਿੱਤੇ ਪੰਜਾਬ ਸਰਕਾਰ ਉਹਨਾਂ ਦੇ ਅਧਿਕਾਰੀ ਕੇਨ ਡਿਪਾਰਟਮੈਂਟ ਦੇ ਪਿਛਲੇ ਦੋ ਮਹੀਨਿਆਂ ਤੋਂ ਲਾਰੇ ਤੇ ਲਾਰੇ ਲਾ ਰਹੇ ਹਨ। ਪਿਛਲੇ ਦਿਨੀਂ ਦੁਆਬਾ ਕਿਸਾਨ ਕਮੇਟੀ ਪੰਜਾਬ ਨੇ ਜਲੰਧਰ ਪ੍ਰੋਜੈਕਟਿੰਗ ਆਫਿਸਰ ਦੇ ਦਫਤਰ ਅੱਗੇ 18 ਮਈ ਨੂੰ ਧਰਨਾ ਲਗਾਇਆ ਸੀ ਤੇ ਉਸ ਦਿਨ ਕੇਨ ਡਿਪਾਰਟਮੈਂਟ ਦੇ ਸਾਰੇ ਅਧਿਕਾਰੀਆਂ ਨੇ ਇਹ ਮੰਨਿਆ ਸੀ ਕਿ ਪੰਜਾਬ ਸਰਕਾਰ ਵੱਲੋਂ 142 ਕਰੋੜ ਰੁਪਿਆ ਖਾਤਿਆਂ ਵਿੱਚ ਪਾਉਣ ਵਾਸਤੇ ਭੇਜ ਦਿੱਤਾ ਗਿਆ ਹੈ, ਪਰ ਇੱਕ ਮਹੀਨਾ ਬੀਤ ਜਾਣ ਦੇ ਬਾਅਦ ਵੀ ਕਿਸੇ ਵੀ ਜ਼ਮੀਂਦਾਰ ਦੇ ਖਾਤੇ ਵਿੱਚ ਕੋਈ ਵੀ ਰੁਪਈਆ ਨਹੀਂ ਆਇਆ, ਕਿਸਾਨਾਂ ਨੂੰ ਆਪਣਾ ਹੀ ਪੈਸਾ ਲੈਣ ਲਈ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਧਰਨੇ ਲਾਉਣੇ ਪੈ ਰਹੇ ਹਨ, ਇੱਕ ਪਾਸੇ ਸਰਕਾਰ ਬਹੁਤ ਵੱਡੇ ਵੱਡੇ ਦਾਅਵੇ ਕਰਦੀ ਹੈ ਲੋਕਾਂ ਨੂੰ ਲਾਰੇ ਲਾਉਂਦੀ ਹੈ ਤੇ ਦੂਜੇ ਪਾਸੇ ਜੋ ਬਣਦੀ ਰਕਮ ਕਿਸਾਨਾਂ ਦੀ ਗੰਨੇ ਦੀ ਉਹ ਉਹਨਾਂ ਦੇ ਖਾਤਿਆਂ ਵਿੱਚ ਨਹੀਂ ਪਾ ਰਹੀ। ਗੰਨੇ ਦੀ ਫਸਲ ਦਾ ਸੀਜਨ ਦੁਬਾਰਾ ਤਿੰਨ ਚਾਰ ਮਹੀਨੇ ਤੋਂ ਸ਼ੁਰੂ ਹੋਣੇ ਵਾਲਾ ਹੈ। ਜ਼ਮੀਂਦਾਰਾਂ ਦਾ ਪਿਛਲਾ ਬਕਾਇਆ ਕਰੀਬ ਡੇਢ ਸੌ ਕਰੋੜ ਖੜ੍ਹਾ

ਹੈ। ਦੂਜੇ ਪਾਸੇ ਕਿਸਾਨ ਝੋਨੇ ਦੀ ਲਵਾਈ ਕਰ ਰਹੇ ਹਨ, ਬਿਜਲੀ ਦੇ ਅਣਐਲਾਨੇ ਕੱਟ ਲੱਗ ਰਹੇ ਹਨ। ਜ਼ਮੀਂਦਾਰਾਂ ਦੇ ਝੋਨੇ ਸੁੱਕ ਗਏ ਗੰਨੇ ਦੀ ਫਸਲ ਤਹਿਸ ਨਹਿਸ ਹੋ ਗਈ ਝੋਨੇ ਦੀ ਫਸਲ ਖਰਾਬ ਹੋ ਗਈ। ਜੋ ਝੋਨਾ ਲਗਾਉਣਾ ਸੀ ਉਹ ਲੇਟ ਹੋ ਗਿਆ। ਸਰਕਾਰ ਆਪਣੇ ਵਾਅਦਿਆਂ ਤੋਂ ਮੁੱਕਰ ਗਈ।

ਜਿਹੜੀ ਸਰਕਾਰ ਕਹਿੰਦੀ ਸੀ ਕਿ ਨਿਰੰਤਰ ਅਠ ਘੰਟੇ ਮੋਟਰਾਂ ਨੂੰ ਸਪਲਾਈ ਦਿੱਤੀ ਜਾਵੇਗੀ, ਜਦ ਕਿ ਮੋਟਰਾਂ ਦੀ ਸਪਲਾਈ ਤਿੰਨ ਤੋਂ ਚਾਰ ਘੰਟੇ ਵੀ ਨਹੀਂ ਮਿਲ ਰਹੀ। ਦੁਆਬਾ ਕਿਸਾਨ ਕਮੇਟੀ ਪੰਜਾਬ ਨੇ ਅੱਜ ਮੀਟਿੰਗ ਵਿੱਚ ਫੈਸਲਾ ਕੀਤਾ ਹੈ ਕਿ ਜੇਕਰ ਸਰਕਾਰ ਨੇ ਕੱਲ੍ਹ 30 ਜੂਨ ਤੱਕ ਜ਼ਮੀਂਦਾਰਾਂ ਦੇ ਖਾਤਿਆਂ ਵਿੱਚ ਪੈਸੇ ਨਹੀਂ ਪਾਏ। ਬਿਜਲੀ ਦੀ ਸਪਲਾਈ ਬਹਾਲ ਨਾ ਕੀਤੀ ਤਾਂ ਇੱਕ ਜੁਲਾਈ ਨੂੰ ਟਾਂਡਾ ਉੜਮੁੜ ਵਿਖੇ ਬਿਜਲੀ ਘਰ ਚੌਕ ਵਿਖੇ ਨੈਸ਼ਨਲ ਹਾਈਵੇ ਜੰਮੂ ਪਠਾਨਕੋਟ ਜਾਮ ਕੀਤਾ ਜਾਵੇਗਾ, ਜਿਸ ਦੀ ਸਿੱਧੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਕੇਨ ਡਿਪਾਰਟਮੈਂਟ ਦੀ ਅਤੇ ਬਿਜਲੀ ਵਿਭਾਗ ਦੀ ਹੋਵੇਗੀ। ਜੰਗਵੀਰ ਸਿੰਘ ਚੌਹਾਨ ਸੂਬਾ ਪ੍ਰਧਾਨ ਦੋਆਬਾ ਕਿਸਾਨ ਕਮੇਟੀ ਪੰਜਾਬ, ਸੂਬਾ ਜਨਰਲ ਸਕੱਤਰ ਪ੍ਰਿਥਪਾਲ ਸਿੰਘ ਗੁਰਾਇਆ, ਸਕੱਤਰ ਸਤਪਾਲ ਸਿੰਘ ਮਿਰਜ਼ਾ ਪੁਰ, ਰਣਜੀਤ ਸਿੰਘ ਰਾਣਾ ਗਿੱਦੜਪਿੰਡੀ, ਬਲਦੇਵ ਸਿੰਘ ਚੰਨਣ ਵਿੰਡੀ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਸੂਬਾ ਕਮੇਟੀ ਮੈਂਬਰ ਮਹਿਤਾਬ ਸਿੰਘ ਹੁੰਦਲ, ਬਲਬੀਰ ਸਿੰਘ ਸੋਹੀਆਂ, ਗੁਰਪ੍ਰੀਤ ਸਿੰਘ ਸੰਧੂ ,ਬਾਬਾ ਬਲਵਿੰਦਰ ਸਿੰਘ ਭੋਗਪੁਰ, ਓਂਕਾਰ ਸਿੰਘ ਦੇਵੀਦਾਸ,ਹੰਨੀ ਦੇਵੀਦਾਸ, ਜਗਮੋਹਨ ਸਿੰਘ ਮੀਰਪੁਰ, ਘੁੰਮਣ ਕਸਬਾ, ਸੁਖਦੇਵ ਸਿੰਘ ਚਨੌਤਾ, ਬਿਕਰਮ ਸਿੰਘ ਸ਼ਾਹਪੁਰ, ਹਰਨੇਕ ਸਿੰਘ ਖੱਖ, ਬੂਟਾ ਸਿੰਘ ਖੱਖ, ਰਣਜੀਤ ਸਿੰਘ ਰਾਣਾ ਚੌਟਾਲਾ, ਰੋਡੀ ਮੂਨਕਾ, ਚੰਦਨ ਮੂਨਕਾ, ਅਮਰਜੀਤ ਸਿੰਘ ਲੰਬੜਦਾਰ, ਨਿੱਕਾ ਦੇਹਰੀਵਾਲ, ਕਸ਼ਮੀਰ ਸਿੰਘ ਝਿੰਗਰ, ਕਰਮਜੀਤ ਸਿੰਘ ਜਾਜਾ, ਮੰਤਰੀ ਜਾਜਾ, ਕੁਲਵਿੰਦਰ ਸਿੰਘ ਚੀਚੀ, ਨਿਰੰਜਨ ਸਿੰਘ ਕਮਾਲਪੁਰ, ਬਲਵਿੰਦਰ ਸਿੰਘ ਦਸੂਆ ਹਾਜ਼ਰ ਸਨ।

ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮਨਾਇਆ ਗਿਆ ਭਗਤ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ

ਫਤਿਹਗੜ੍ਹ ਸਾਹਿਬ, 29 ਜੂਨ (ਹਰਪ੍ਰੀਤ ਕੌਰ ਟਿਵਾਣਾ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਹੀਦਾਂ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਭਗਤ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ 'ਤੇ ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਮੌਕੇ 'ਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਗ੍ਰੰਥੀ ਸਿੰਘ ਵੱਲੋਂ ਹੁਕਮਨਾਮਾ ਸਾਹਿਬ ਲਿਆ ਗਿਆ ਅਤੇ ਅਰਦਾਸ ਕੀਤੀ ਗਈ। ਇਸ ਮੌਕੇ 'ਤੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਹਜ਼ੂਰੀ ਰਾਗੀ ਸਿੰਘਾਂ ਦੇ ਜਥੇ ਵੱਲੋਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ 'ਤੇ ਪਹੁੰਚੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਫਤਿਹਗੜ੍ਹ ਸਾਹਿਬ ਤੋਂ ਇੰਚਾਰਜ ਬਲਜੀਤ ਸਿੰਘ ਭੁੱਟਾ ਅਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਨੇ ਭਗਤ ਕਬੀਰ ਜੀ ਦੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਗੁਰੂ ਸਾਹਿਬਾਨ ਜੀ ਦੇ ਦਰਸਾਈ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ। ਇਸ ਮੌਕੇ ਬੋਲਦਿਆਂ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ ਨੇ ਕਿਹਾ ਕਿ ਸੰਗਤਾਂ ਦੀ ਵੱਡੀ ਗਿਣਤੀ ਵਿਚ ਆਮਦ ਨੂੰ ਮੁੱਖ ਰੱਖਦੇ ਹੋਇਆ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੁਚੱਜੇ ਪ੍ਰਬੰਧ ਕੀਤੇ ਗਏ। ਇਸ ਮੌਕੇ 'ਤੇ ਐਡੀਸ਼ਨਲ ਮੈਨੇਜਰ ਬਲਵਿੰਦਰ ਸਿੰਘ ਭਮਾਰਸੀ, ਸੁਪਰਵਾਈਜ਼ਰ ਜੋਗਾ ਸਿੰਘ, ਮੀਤ ਮੈਨੇਜਰ ਜਗਮੀਤ ਸਿੰਘ, ਅਮਰਜੀਤ ਸਿੰਘ ਹੈੱਡ, ਹਰਜੀਤ ਸਿੰਘ ਰਿਕਾਰਡ ਕੀਪਰ, ਸਿਮਰਨਜੀਤ ਸਿੰਘ ਸਮੇਤ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਸਟਾਫ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ।

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਲੋਕ ਮਿਲਣੀਆਂ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ

ਫਿਰੋਜ਼ਪੁਰ, 29 ਜੂਨ (ਤਿਵਾੜੀ): ਵਿਧਾਇਕ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਸ. ਰਣਬੀਰ ਸਿੰਘ ਭੁੱਲਰ ਨੇ ਹਲਕੇ ਦੇ ਵੱਖ-ਵੱਖ ਪਿੰਡਾਂ ਟੈਂਡੀ ਵਾਲਾ, ਗਟੀ ਰਹਿਮੇ ਕੇ ਅਤੇ ਚੂਹੜੀ ਵਾਲਾ ਵਿਖੇ ਪਹੁੰਚੇ ਕੇ ਲੋਕ ਮਿਲਣੀਆਂ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਤੇ ਕੁੱਝ ਸਮੱਸਿਆਵਾਂ ਦਾ ਮੌਕੇ 'ਤੇ ਹੱਲ ਵੀ ਕੀਤਾ।ਵਿਧਾਇਕ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡਾਂ ਵਿਚ ਵਿਕਾਸ ਕਾਰਜ਼ਾ ਲਈ ਕਿਸੇ ਤਰ੍ਹਾਂ ਦੀ ਕਮੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਹਲਕੇ ਦੇ ਵਿਕਾਸ ਕਾਰਜ ਇਸੇ ਤਰ੍ਹਾਂ ਨਿਰੰਤਰ ਜਾਰੀ ਰਹਿਣਗੇ।ਇਸ ਮੌਕੇ ਇਲਾਕਾ ਵਾਸੀਆਂ ਵੱਲੋਂ ਵੀ ਭਰਵਾ ਹੁੰਗਾਰਾ ਦਿੱਤਾ ਗਿਆ ਅਤੇ ਮਾਨ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਪ੍ਰਤੀ ਆਪਣਾ ਸਮਰਥਨ ਪ੍ਰਗਟਾਇਆ ਗਿਆ।

ਮਨੁੱਖੀ ਅਧਿਕਾਰ ਸੰਘਰਸ਼ ਕਮੇਟੀ ਵਲੋਂ ਪੇਪਰ ਮਿੱਲ ਸੈਲਾ ਖ਼ੁਰਦ ਖ਼ਿਲਾਫ਼ ਰਾਜਪਾਲ ਪੰਜਾਬ ਕੋਲ ਕੀਤੀ ਸ਼ਿਕਾਇਤ

ਗੜ੍ਹਸ਼ੰਕਰ, 29 ਜੂਨ (ਅਜਮੇਰ ਸਿੰਘ ਭਨੋਟ): ਕੁਆਂਟਮ ਪੇਪਰ ਮਿੱਲ ਸੈਲਾ ਖ਼ੁਰਦ ਦਾ ਮਾਮਲਾ ਰਾਜਪਾਲ ਪੰਜਾਬ ਕੋਲ ਪਹੁੰਚ ਗਿਆ ਹੈ। ਮਨੁੱਖੀ ਅਧਿਕਾਰ ਸੰਘਰਸ਼ ਕਮੇਟੀ ਸੈਲਾ ਖ਼ੁਰਦ ਵੱਲੋਂ ਸਾਬਕਾ ਸੰਸਦ ਮੈਂਬਰ ਅਵਿਨਾਸ਼ ਰਾਏ ਖੰਨਾ ਦੀ ਅਗਵਾਈ ਹੇਠ ਪੇਪਰ ਮਿੱਲ ਦੀ ਬਦਬੂ ਅਤੇ ਖਰਾਬ ਪੀਣ ਵਾਲੇ ਪਾਣੀ ਦੀ ਸਮੱਸਿਆ ਨੂੰ ਲੈ ਕੇ ਰਾਜਪਾਲ ਪੰਜਾਬ ਗੁਲਾਬ ਚੰਦ ਕਟਾਰੀਆਂ ਨੂੰ ਸ਼ਿਕਾਇਤ ਸੌਂਪੀ ਗਈ ਹੈ। ਸੰਘਰਸ਼ ਕਮੇਟੀ ਨੇ ਸ਼ਿਕਾਇਤ ਵਿਚ ਕਿਹਾ ਕਿ ਪੇਪਰ ਮਿੱਲ ਤੋਂ ਦਿਨ ਰਾਤ ਗੈਸਾਂ ਨਾਲ ਭਰੀ ਹੋਈ ਬਦਬੂ ਪੂਰੇ ਇਲਾਕੇ ਵਿਚ ਫੈਲਦੀ ਰਹਿੰਦੀ ਹੈ, ਜਿਸ ਕਾਰਨ ਸਾਹ ਲੈਣਾ ਵੀ ਮੁਸ਼ਕਿਲ ਹੋ ਜਾਂਦਾ ਹੈ। ਕੈਮੀਕਲ ਘੁਲਿਆ ਜ਼ਹਿਰੀਲਾ ਪਾਣੀ ਜੋ ਮਿੱਲ ਵਿਚੋਂ ਛੱਡਿਆਂ ਜਾਂਦਾ ਹੈ, ਉਹ ਧਰਤੀ ਵਾਲੇ ਪਾਣੀ ਨਾਲ ਰਲ ਜਾਂਦਾ ਹੈ, ਜਿਸ ਕਾਰਨ ਉਲਟੀਆਂ ਤੇ ਦਸਤ ਆਦਿ ਦੀਆਂ ਭਿਆਨਕ ਬਿਮਾਰੀਆਂ ਫੈਲ ਜਾਂਦੀਆਂ ਹਨ।

ਨਗਰ ਨਿਗਮ ਚੰਡੀਗੜ੍ਹ
ਟੈਂਡਰ ਸੂਚਨਾ

ਲ. ਨੰ.	ਕੰਮ ਦਾ ਨਾਮ	ਬੋਲੀ ਜਮ੍ਹਾਂ ਸੂਚੀ (ਆਨਲਾਈਨ)	ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ)
ਕਾਰਜਕਾਰੀ ਇੰਜੀਨੀਅਰ - ਸੜਕ ਮੰਡਲ ਨੰ. 3			
1.	ਸੈਕਟਰ 25, ਚੰਡੀਗੜ੍ਹ ਵਿਚ ਕਲੋਨੀਆਂ ਵਿਖੇ ਨਵੇਂ ਮਸ਼ੀਨ ਹੋਲਜ਼ ਦਾ ਨਿਰਮਾਣ ਅਤੇ 250 ਐਮਐਮ (10") ਆਈ/ਡੀ ਐਸਡਬਲਿਊ ਪਾਈਪ ਸੀਵਰਲਾਈਨਾਂ ਦੇ ਮਜ਼ਬੂਤੀਕਰਨ, ਵਿਵਸਥਾ ਅਤੇ ਸਥਾਪਨਾ ਦੇ ਕੰਮ ਅਧੀਨ ਜਨ ਸਿਹਤ ਉਪ ਮੰਡਲ ਨੰ. 13, ਚੰਡੀਗੜ੍ਹ ਦੁਆਰਾ ਬਣਾਏ ਰੋਡ ਕੱਟ ਦੀ ਰੀਸਟੋਰੇਸ਼ਨ ਅਤੇ ਅੰਦਰੂਨੀ ਪੇਵਰ ਗਲੀਆਂ ਦਾ ਪੁਨਰ-ਨਿਰਮਾਣ (ਸੀਐਚ ਟੂ ਅਮਰੁਤ-2.0)। ਹੈਡ : ਹੈਡ ਅਮਰੁਤ - 2.0 ਦੇ ਅਧੀਨ। ਅਨੁਮਾਨਿਤ ਲਾਗਤ: ਰੁ. 166.22 ਲੱਖ ਬਿਆਨਾ ਰਕਮ: ਰੁ. 3,32,445/- ਸਮਾਂ ਹੱਦ : 06 ਮਹੀਨੇ	29.06.2026 To 06.07.2026 upto 12.00 noon	06.07.2026 at 15.00 PM

ਨੋਟ :- ਸਾਰੇ ਹੋਰ ਨਿਯਮ ਅਤੇ ਸ਼ਰਤਾਂ ਅਤੇ ਮੁਕੰਮਲ ਡੀਐਨਆਈਟੀ ਵੈਬਸਾਈਟ https://etenders.chd.nic.in 'ਤੇ ਅਪਲੋਡ ਕੀਤੇ ਗਏ ਹਨ।

ਕਾਰਜਕਾਰੀ ਇੰਜੀਨੀਅਰ
ਸੜਕ ਮੰਡਲ ਨੰ. 3, ਕਮਰਾ ਨੰ. 311, ਐਮ.ਸੀ., ਚੰਡੀਗੜ੍ਹ ਫੋਨ : 0172-5021482 xenroad3.mcc@chd.nic.in

MANAPPURAM FINANCE LTD.
CIN : L65910KL1992PLC006623
Registered Office: W - 4/ 638A, Manappuram House, P.O. Valapad, Thrissur - 680 567, Kerala, India

स्वर्ण नीलामी सूचना

ਗਿਰਵੀਕਰਤਾ ਨੂੰ, ਖਾਸ ਅਤੇ ਸਮਾਜਕ ਰੂਪ ਵਿੱਚ, ਆਮ ਤੌਰ ਤੇ, ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਿੱਤੇ ਖਾਤਿਆਂ ਵਿੱਚ ਗਿਰਵੀ ਰੱਖੇ ਸੋਨੇ ਦੇ ਜੇਵਰਾਂ ਦੀ ਸਮਾਜਕ ਨਿਲਾਮੀ ਨੂੰ ਸਵੇਰੇ 10.00 ਵਜੇ ਤੋਂ ਲੈ ਕੇ 16/07/2026 ਨੂੰ ਹੇਠਾਂ ਦਿਤੀਆਂ ਸ਼ਾਖਾਵਾਂ ਤੇ ਸੰਚਾਲਤ ਕੀਤੇ ਜਾਣ ਦਾ ਪ੍ਰਸਤਾਵ ਦਿੱਤਾ ਜਾਂਦਾ ਹੈ। ਅਸੀਂ ਅਜਿਹੇ ਡਿਫਾਲਟਰ ਗਾਹਕਾਂ ਦੇ ਸੋਨੇ ਦੇ ਜੇਵਰਾਂ ਦੀ ਨਿਲਾਮੀ ਕਰਨ ਜਾ ਰਹੇ ਹਾਂ ਜਿਨ੍ਹਾਂ ਨੇ ਰਜਿਸਟਰਡ ਪੱਤਰ ਸੂਚਿਤ ਕੀਤੇ ਜਾਣ ਦੇ ਬਾਵਜੂਦ ਆਪਣੇ ਲੋਨ ਦੀ ਰਕਮ ਨਹੀਂ ਚੁਕਾਈ ਹੈ। ਜਿਨ੍ਹਾਂ ਆਇਟਮਾਂ ਦੀ ਨਿਲਾਮੀ ਨਹੀਂ ਹੋ ਪਾਵੇਗੀ, ਉਨ੍ਹਾਂ ਦੀ ਨਿਲਾਮੀ ਕਿਸੇ ਹੋਰ ਦਿਨ ਬਿਨਾਂ ਕੋਈ ਹੋਰ ਸੂਚਨਾ ਦਿੱਤੇ ਕੀਤੀ ਜਾਵੇਗੀ। ਨਿਲਾਮੀ ਦੇ ਸਥਾਨ ਅਤੇ ਮਿਤੀ (ਜੇ ਕੋਈ ਹੋਵੇ) ਵਿੱਚ ਤਬਦੀਲੀਆਂ ਦੀ ਕੋਈ ਸੂਚਨਾ ਨਿਲਾਮੀ ਕੇਂਦਰ ਜਾਂ ਵੈਬਸਾਇਟ ਤੇ ਲਗਾਈ ਜਾਵੇਗੀ ਅਤੇ ਇਸ ਬਾਰੇ ਕੋਈ ਹੋਰ ਸੂਚਨਾ ਨਹੀਂ ਦਿੱਤੀ ਜਾਵੇਗੀ।

ਗਿਰਵੀਆਂ ਦੀ ਸੂਚੀ :

ਅੰਮ੍ਰਿਤਸਰ, ਅਕਾਸ਼ ਐਵਿਨਿਊ, 0109990700060011, 0020, 0076, ਸਿਟੀ ਸੈਂਟਰ, ਅੰਮ੍ਰਿਤਸਰ, 0126490700012320, ਕੋਰਟ ਰੋਡ, 0124660700010688, 0699, ਢਾਬ ਖੜਿਕਾ, ਅੰਮ੍ਰਿਤਸਰ, 0128370700019507, 0128370730009736, ਕਬੀਰ ਪਾਰਕ, 0124280730022203, ਮਜੀਠਾ ਰੋਡ, ਅੰਮ੍ਰਿਤਸਰ, 0126770700021536, 0126770730031112, 1113, 1126, ਪੁਤਲੀਘਰ ਅੰਮ੍ਰਿਤਸਰ, 0110950700037248, ਰੰਜੀਤ ਐਵਿਨਿਊ, ਅੰਮ੍ਰਿਤਸਰ, 0128390730009884, ਤਰਨ ਤਾਰਨ ਰੋਡ, 0124980700018312, 0124980730031705, ਬਠਿੰਡਾ, ਅਮ੍ਰਿਕ ਸਿੰਘ ਰੋਡ, ਬਠਿੰਡਾ, 0132030730068603, 8604, 8605, ਬਿਬਿਵਾਲਾ ਬਠਿੰਡਾ, 0132050700013850, 3877, 0132050730050107, 0262, ਜੀਟੀ ਰੋਡ, ਬਠਿੰਡਾ, 0132320700015366, 5376, 0132320730059801, ਫਰੀਦਕੋਟ, ਕਮੇਨਾ ਗੇਟ, ਫਰੀਦਕੋਟ, 0132860730015131, ਗਰਦਾ ਸਪੁਰ, ਹਨੁਮਾਨ ਚੌਕ, ਗੁਰਦਾਸਪੁਰ, 0132920700015736, ਪਠਾਨਕੋਟ ਰੇਲਵੇ ਰੋਡ, 0120640730027028, 7317, ਜਲੰਧਰ, ਕਪੂਰਥਲਾ ਰੋਡ ਜਲੰਧਰ, 0121470730032323, ਨਕੋਦਰ, ਜਲੰਧਰ, 0133560700014171, 0133560730006333, 6335, ਪਟੇਲ ਚੌਕ, 0124290730015452, ਪਠਾਨਕੋਟ ਚੌਕ, ਜਲੰਧਰ, 0125720700017199, ਕਪੂਰਥਲਾ, ਕਪੂਰਥਲਾ, ਪੰਜਾਬ, 0129160700013152, 0129160730015567, ਫਗਵਾੜਾ ਓਹਰੀ ਟਾਵਰ, 0118030730009470, ਲੁਧਿਆਣਾ, ਬ੍ਰਾਊਨ ਰੋਡ, 0123760730020152, ਚੌਕ ਬਸਤੀ, ਲੁਧਿਆਣਾ, 0128250700057487, 7618, 7651, ਦਸਮੇਸ਼ ਨਗਰ, 0113380730020118, ਜੀ.ਟੀ ਰੋਡ, ਖੰਨਾ, 0127970730019727, ਜਗਰਾਓਂ ਲੁਧਿਆਣਾ, 0132090700015167, ਮਾਤਾ ਰਾਣੀ ਚੌਕ, 0123950700044115, 4169, ਮਾਡਲ ਟਾਊਨ ਲੁਧਿਆਣਾ, 0121580700013089, ਰਾਮ ਨਗਰ ਲੁਧਿਆਣਾ, 0110690730024742, 4977, ਵਿਵੇਕ ਨਗਰ, 0115940730020998, 1003, ਮੋਹਾਲੀ, ਬਾਲਟਾਨਾ, ਜ਼ਿਰਕਪੁਰ, ਮੋਹਾਲੀ, 0128770700013669, ਚੰਡੀਗੜ੍ਹ ਰੋਡ, ਕੁਰਾਲੀ, 0134000700012237, 0134000730008065, ਮੋਹਾਲੀ, 0101750700726209, 6231, 0101750730015858, ਫੇਜ਼ 9, ਮੋਹਾਲੀ, 0126400700013945, 3951, 4644, ਪਟਿਆਲਾ, ਗਗਨ ਚੌਕ, ਰਾਜਪੁਰਾ, 0132620700028749, ਗੁਰਬਕਸ਼ ਕੋਲੋਨੀ, ਪਟਿਆਲਾ, 0131930700019892, 0131930730022579, 2657, ਜਖਲ ਰੋਡ ਪਾਤਰਾਂ, 0132120700035466, ਲੀਲਾ ਭਵਨ, ਪਟਿਆਲਾ, 0128820700014183, ਪਟਿਆਲਾ, 0101370700019292, ਪਟਿਆਲਾ ਬਸ ਸਟੈਂਡ, 0127950700020176, 0204, 0205, 0127950730019387, ਰਾਜਪੁਰਾ, 0101340700053956, 3975, ਅਰਬਨ ਐਸਟੇਟ ਫੇਜ਼ 11-ਪਟਿਆਲਾ, 0131940700018599, ਰੂਪਨਗਰ, ਸ਼ੁਗਰ ਮਿਲ ਰੋਡ, ਮੋਰਿੰਡਾ, 0133890700014609, ਸੰਗਰੂਰ , ਬਾਜਾਖਾਨਾ, ਬਰਨਾਲਾ, 0131800730061964, 2030, ਸਿਨੇਮਾ ਰੋਡ ਬਰਨਾਲਾ, 0132580700020314, ਮਾਤਾ ਮੋਦੀ ਰੋਡ, ਸੁਨਾਮ ਸੰਗਰੂਰ, 0134810730046592, ਸ਼ਹੀਦ ਭਗਤ ਸਿੰਘ ਚੌਕ, ਸੰਗਰੂਰ, 0133060700021854, 1865, ਚੰਡੀਗੜ੍ਹ, ਬੁਰੇਲ ਚੰਡੀਗੜ੍ਹ, 0121780730016751, ਚੰਡੀਗੜ੍ਹ ਮੋਟਰ ਮਾਰਕੀਟ, 0122500700020960, ਪਿਪਵਾਲਾ ਟਾਊਨ, 0122220700029802,

ਉਪਰੋਕਤ ਨਿਲਾਮੀ ਵਿੱਚ ਹਿੱਸਾ ਲੈਣ ਦੇ ਚਾਹਵਾਨ ਵਿਅਕਤੀਆਂ ਨੂੰ ਹੇਠ ਲਿਖਿਆਂ ਦੀ ਪਾਲਣਾ ਕਰਨੀ ਪਵੇਗੀ:- ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਨੂੰ ਨਿਲਾਮੀ ਵਾਲੇ ਦਿਨ ਹੀ ਐਨਈਐਫਟੀ/ਆਰਟੀਜੀਐਸ ਰਾਹੀਂ 10,000/- ਰੁਪਏ ਈਐਮਡੀ (ਅਸਫਲ ਬੋਲੀਕਾਰਾਂ ਨੂੰ ਵਾਪਸੀਯੋਗ) ਵਜੋਂ ਜਮ੍ਹਾਂ ਕਰਾਉਣੇ ਚਾਹੀਦੇ ਹਨ। ਬੋਲੀਕਾਰਾਂ ਕੋਲ ਵੈਧ ਆਈਡੀ ਕਾਰਡ/ਪੈਨਕਾਰਡ ਹੋਣਾ ਚਾਹੀਦਾ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ 9072607147 'ਤੇ ਸੰਪਰਕ ਕਰੋ।

ਅਧਿਕ੍ਰਿਤ ਅਧਿਕਾਰੀ
ਨਿਮਿਤ ਮਣਪੁਰਮ ਫ਼ਿਇਨਾਂਸ ਲਿ.

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

Copyright (c) Charhdikala Epaper All Rights Reserved
Powered By Vedanta Software Epaper CMS Cloud